# ਸਰਦਾਰ ਕਰਤਾਰ ਸਿੰਘ ਝੱਬਰ

**ਸਰਦਾਰ** ਕਰਤਾਰ ਸਿੰਘ ਝੱਬਰ ਅਕਾਲੀ ਲਹਿਰ ਦੇ ਹੀਰੇ ਸਨ। ਉਹਨਾਂ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਵਿਸ਼ੇਸ਼ ਕਾਰਜ ਕੀਤੇ। ਉਹਨਾਂ ਨੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਮਿਸਟਰ ਕੰਗ, ਕਮਿਸ਼ਨਰ ਲਾਹੌਰ, ਤੋਂ ਗੁਰਦੁਆਰੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਵਾਈਆਂ। ਇਸ ਮਹਾਨ ਕਾਰਨਾਮੇ ਸਦਕਾ ਸਿੱਖਾਂ ਵਿਚ ਉਹਨਾਂ ਦਾ ਵਕਾਰ ਬਹੁਤ ਵਧ ਗਿਆ। ਉਹਨਾਂ ਨੇ ਕਈ ਗੁਰਦੁਆਰਿਆਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ।

ਇਸ ਮਹਾਨ ਆਗੂ ਦਾ ਜਨਮ 1874 ਈ. ਵਿਚ ਪਿੰਡ ਝੱਬਰ ਜ਼ਿਲਾ ਸ਼ੇਖੂਪੁਰਾ ਵਿਚ ਸ੍. ਤੇਜਾ ਸਿੰਘ (ਵਿਰਕ) ਦੇ ਘਰ ਹੋਇਆ। ਉਹਨਾਂ ਨੇ ਗੁਰਦੁਆਰਾ ਸਾਹਿਬ ਵਿਚੋਂ ਗੁਰਮੁਖੀ ਪੜ੍ਹੀ। ਸ਼ੁਰੂ ਵਿਚ ਉਹਨਾਂ ਨੇ ਖੇਤੀਬਾੜੀ ਦੇ ਕਿੱਤੇ ਨੂੰ ਅਪਨਾਇਆ। 30 ਸਾਲ ਦੀ ਉਮਰ ਵਿਚ ਭਾਈ ਮੂਲ ਸਿੰਘ ਗਰਮੂਲਾ ਤੋਂ ਅੰਮ੍ਰਿਤਪਾਨ ਕੀਤਾ। ਇਸ ਤੋਂ ਬਾਅਦ ਖਾਲਸਾ ਉਪਦੇਸ਼ਕ ਕਾਲਜ ਗੁਜਰਾਂਵਾਲਾ ਤੋਂ ਤਿੰਨ ਸਾਲ ਤਕ ਵਿਦਿਆ ਪ੍ਰਾਪਤ ਕੀਤੀ। ਉਹਨਾਂ ਦੇ ਦਿਲ ਵਿਚ ਸਿੱਖੀ ਜਜ਼ਬਾ ਬਹੁਤ ਜ਼ਿਆਦਾ ਸੀ। 1910 ਵਿਚ ਸ. ਕਰਤਾਰ ਸਿੰਘ ਝੱਬਰ ਨੇ ਲਾਹੌਰ ਵਿਖੇ ਰਿਹਾਇਸ਼ ਰੱਖੀ ਅਤੇ ਸਿੱਖੀ ਦਾ ਪ੍ਰਚਾਰ ਸ਼ੁਰੂ ਕੀਤਾ। ਉਹਨਾਂ ਲਾਹੌਰ ਜ਼ਿਲੇ ਦੇ ਬਹੁਤ ਸਾਰੇ ਪਿੰਡਾਂ ਵਿਚ ਵੀ ਪ੍ਰਚਾਰ ਕੀਤਾ। 1917 ਵਿਚ ਉਹਨਾਂ ਨੇ ਸੱਚਾ ਸੌਦਾ ਜ਼ਿਲਾ ਸ਼ੇਖੂਪੁਰਾ ਵਿਚ ਮਿਡਲ ਸਕੂਲ ਚਾਲੂ ਕੀਤਾ। 1918 ਵਿਚ ਸੰਸਾਰ ਦੀ ਪਹਿਲੀ ਵੱਡੀ ਜੰਗ ਖਤਮ ਹੋਈ। ਭਾਰਤੀਆਂ ਨੂੰ ਕੁਝ ਰਾਹਤ ਦੀ ਆਸ ਸੀ ਪਰ ਸਰਕਾਰ ਨੇ ਰੌਲਟ ਐਕਟ ਪਾਸ ਕਰ ਕੇ ਆਪਣੇ ਕਰੂਰ ਸੱਚ ਦਾ ਵਿਖਾਵਾ ਕੀਤਾ। ਦੇਸ਼ ਭਰ ਵਿਚ ਇਸ ਕਾਲੇ ਬਿੱਲ ਦੇ ਵਿਰੋਧ ਵਿਚ ਜਲਸੇ ਅਤੇ ਹੜਤਾਲਾਂ ਹੋਈਆਂ।

11 ਅਪ੍ਰੈਲ, 1919 ਨੂੰ ਲਾਹੌਰ ਵਿਚ ਜਲਸਾ ਤੇ ਹੜਤਾਲ ਹੋਈ। ਜਿਸ ਵਿਚ ਮਾਸਟਰ ਮੋਤਾ ਸਿੰਘ, ਡਾਕਟਰ ਕਿਚਲੂ, ਸ੍ਰੀ ਗੋਕਲ ਚੰਦ ਨਾਰੰਗ ਆਦਿ ਲੀਡਰਾਂ ਨੇ ਤਕਰੀਰਾਂ ਕੀਤੀਆਂ। ਸਰਦਾਰ ਕਰਤਾਰ ਸਿੰਘ ਝੱਬਰ ਪ੍ਰਭਾਵਿਤ ਹੋ ਕੇ ਇਸ ਲਹਿਰ ਵਿਚ ਸ਼ਾਮਿਲ ਹੋ ਗਏ। ਕਿਸੇ ਨੇ ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਪੱਥਰ ਮਾਰਿਆ। ਉਸ ਦੀ ਰੱਖਿਆ ਲਈ ਮੈਜਿਸਟਰੇਟ ਵਲੋਂ ਗੋਲੀ ਚਲਾਈ ਗਈ ਜਿਸ ਨਾਲ ਵਿਦਿਆਰਥੀ ਖੁਦੀ ਰਾਮ ਬੋਸ ਮਾਰਿਆ ਗਿਆ। ਸ਼ਹਿਰ ਵਿਚ ਹਜ਼ਾਰਾਂ ਲੋਕਾਂ ਨੇ ਉਸ ਦੀ ਅਰਥੀ ਦਾ ਜਲੂਸ ਕੱਢਿਆ। ਸਰਦਾਰ ਕਰਤਾਰ ਸਿੰਘ ਝੱਬਰ ਨੇ ਇਸ ਮੌਕੇ 'ਤੇ ਇਕ ਜ਼ਬਰਦਸਤ ਤਕਰੀਰ ਕੀਤੀ।

13 ਅਪ੍ਰੈਲ, 1919 ਨੂੰ ਜਲ੍ਹਿਆਂ ਵਾਲੇ ਬਾਗ਼ ਦਾ ਖੂਨੀ ਸਾਕਾ ਹੋਇਆ। ਜਨਰਲ ਡਾਇਰ ਨੇ ਸੈਂਕੜੇ ਨਿਹੱਥੇ ਲੋਕ ਗੋਲੀਆਂ ਨਾਲ ਮਾਰ ਦਿੱਤੇ। ਰੋਸ ਵਜੋਂ ਅੰਮ੍ਰਿਤਸਰ ਅਤੇ ਦੇਸ਼ ਦੇ ਹੋਰ ਭਾਗਾਂ ਵਿਚ ਸਾੜ-ਫੂਕ ਅਤੇ ਹਿੰਸਕ ਵਾਰਦਾਤਾਂ ਹੋਈਆਂ। ਸਰਦਾਰ ਕਰਤਾਰ ਸਿੰਘ ਝੱਬਰ ਨੇ ਚੂਹੜਕਾਣੇ ਦੀ ਮੀਟਿੰਗ ਵਿਚ ਤਕਰੀਰ ਕੀਤੀ। ਸਰਦਾਰ ਝੱਬਰ ਨੂੰ ਸ੍. ਤੇਜਾ ਸਿੰਘ ਚੂਹੜਕਾਣਾ ਸਮੇਤ ਗ੍ਰਿਫਤਾਰ ਕਰ ਕੇ ਲਾਹੌਰ ਲਿਆਂਦਾ ਗਿਆ। ਉਹਨਾਂ ਨੂੰ ਬੋਰਸਟ ਅਤੇ ਸੈਂਟਰਲ ਜੇਲ ਵਿਚ ਰੱਖਿਆ ਗਿਆ। ਮੁਕੱਦਮਾ ਚਲਾਇਆ ਗਿਆ ਅਤੇ 17 ਆਦਮੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਸਰਦਾਰ ਝੱਬਰ ਦੀ ਸਜ਼ਾ ਬਾਕੀ ਪੰਜ ਸਾਥੀਆਂ ਸਮੇਤ ਕਾਲੇ ਪਾਣੀ ਵਿਚ ਬਦਲ ਗਈ। ਉਹਨਾਂ ਨੂੰ ਅੰਡੇਮਾਨ ਦੀਪ ਸਮੂਹ ਵਿਚ ਭੇਜਿਆ ਗਿਆ।

1920 ਵਿਚ ਸਰਕਾਰ ਨੂੰ ਰੌਲਟ ਐਕਟ ਵਾਪਸ ਲੈਣਾ ਪਿਆ ਅਤੇ ਸਾਰੇ ਦੇਸ਼ ਭਗਤ ਕੈਦੀ ਰਿਹਾਅ ਕਰਨੇ ਪਏ। 1920 ਵਿਚ ਉਹਨਾਂ ਨੂੰ ਵੀ ਰਿਹਾਅ ਕੀਤਾ ਗਿਆ। 12 ਅਕਤੂਬਰ, 1920 ਈ. ਨੂੰ ਜਲ੍ਹਿਆਂ



ਵਾਲੇ ਬਾਗ਼ ਅੰਮ੍ਰਿਤਸਰ ਵਿਚ ਭਾਈ ਮਹਿਤਾਬ ਸਿੰਘ ਬੀਰ ਦੀ ਅਗਵਾਈ ਹੇਠ ਪੱਛੜੀਆਂ ਸ਼੍ਰੇਣੀਆਂ ਦਾ ਇਕ ਦੀਵਾਨ ਹੋਇਆ। ਉਸ ਵਿਚ ਸ੍ਰੀ ਦਰਬਾਰ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਚੜ੍ਹਾਉਣ ਦਾ ਫੈਸਲਾ ਕੀਤਾ ਗਿਆ। 12 ਅਕਤੂਬਰ ਨੂੰ ***ਆਸਾ ਕੀ ਵਾਰ*** ਦੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਜਥਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਅਤੇ ਕੜਾਹ ਪ੍ਰਸ਼ਾਦ ਭੇਟਾ ਕਰਨ ਲਈ ਗਿਆ। ਪੁਜਾਰੀਆਂ ਨੇ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਜਥੇ ਵਿਚ ਸਰਦਾਰ ਕਰਤਾਰ ਸਿੰਘ ਝੱਬਰ ਵੀ ਸ਼ਾਮਲ ਸਨ। ਦੁਬਾਰਾ ਕੜਾਹ ਪ੍ਰਸ਼ਾਦ ਮੰਗਵਾ ਕੇ ਅਰਦਾਸ ਕੀਤੀ ਗਈ। ਇਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋਈ। ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਸ. ਝੱਬਰ ਨੇ ਲੈਕਚਰ ਕੀਤਾ। ਸੰਗਤਾਂ ਨੇ 25 ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਲਈ ਨਿਯੁਕਤ ਕੀਤਾ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਬਣੇ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਏ। ਕਈ ਗੁਰਦੁਆਰਿਆਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ।

18 ਨਵੰਬਰ, 1920 ਨੂੰ ਸ੍ਰ. ਅਮਰ ਸਿੰਘ ਝਬਾਲ ਅਤੇ ਸ. ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ 25 ਸਿੰਘਾਂ ਦੇ ਜਥੇ ਨੇ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਦਾ ਪ੍ਰਬੰਧ ਸ਼ਾਂਤੀ ਪੂਰਵਕ ਸੰਭਾਲ ਲਿਆ। ਗੁਰਦੁਆਰਾ ਸੁਧਾਰ ਲਹਿਰ ਦਾ ਮਹਾਨ ਇਤਿਹਾਸਕ ਸਾਕਾ ਸ੍ਰੀ ਨਨਕਾਣਾ ਸਾਹਿਬ ਦਾ ਹੈ। ਇਸ ਵਿਚ 200 ਸਿੰਘ ਸ਼ਹੀਦ ਹੋਏ। ਭਾਈ ਲੱਛਮਣ ਸਿੰਘ ਦੀ ਅਗਵਾਈ ਹੇਠ 20 ਫਰਵਰੀ ਨੂੰ ਜਥਾ ਸ੍ਰੀ ਨਨਕਾਣਾ ਸਾਹਿਬ ਪੁੱਜਿਆ। ਇਸ ਤੋਂ ਬਾਅਦ ਸ. ਝੱਬਰ ਦੀ ਅਗਵਾਈ ਹੇਠ ਜਥਾ ਗੁਰਦੁਆਰਾ ਜਨਮ ਅਸਥਾਨ 'ਤੇ ਪਹੁੰਚਿਆ। ਸਿੰਘਾਂ ਦਾ ਬੜੀ ਬੇਰਹਿਮੀ ਨਾਲ ਕਤਲੇਆਮ ਕੀਤਾ ਗਿਆ। ਗੁਰਦੁਆਰਾ ਜਨਮ ਅਸਥਾਨ ਵਾਲੀ ਧਰਤੀ ਸਿੰਘਾਂ ਦੇ ਖ਼ੂਨ ਨਾਲ ਰੱਤੀ ਗਈ। ਮਿਸਟਰ ਕੰਗ ਕਮਿਸ਼ਨਰ ਲਾਹੌਰ ਨੇ ਗੁਰਦੁਆਰਾ ਸਾਹਿਬ ਦਾ ਮਹੰਤ ਅਤੇ ਉਸ ਦੇ ਸਾਥੀ ਗ੍ਰਿਫਤਾਰ ਕਰ ਕੇ ਗੁਰਦੁਆਰੇ ਦੇ ਦੁਆਲੇ ਅੰਗਰੇਜ਼ੀ ਫੌਜ ਦਾ ਪਹਿਰਾ ਲਾ ਦਿੱਤਾ। ਸਰਦਾਰ ਝੱਬਰ ਨੇ ਬੜੀ ਦਲੇਰੀ ਨਾਲ ਮਿਸਟਰ ਕੰਗ ਨੂੰ ਕਿਹਾ ਕਿ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰੇ।

ਮਿਸਟਰ ਕੰਗ ਨੇ ਇਹ ਗੱਲ ਮੰਨ ਲਈ। ਇਸ ਤੋਂ ਬਾਅਦ ਸ. ਝੱਬਰ ਦਾ ਸਿੱਖਾਂ ਵਿਚ ਵਕਾਰ ਬਹੁਤ ਵਧ ਗਿਆ। ਸਰਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ 'ਚ ਸਿੰਘਾਂ ਨੇ ਸ੍ਰੀ ਨਨਕਾਣਾ ਸਾਹਿਬ ਦੇ ਹੋਰ ਕਈ ਗੁਰਦੁਆਰਿਆਂ ਉਪੱਰ ਕਬਜ਼ਾ ਕਰ ਲਿਆ। ਇਸ ਦੋਸ਼ ਵਿਚ 12 ਮਾਰਚ, 1921 ਨੂੰ ਉਹਨਾਂ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਚਾਬੀਆਂ ਦੇ ਮੋਰਚੇ ਵਿਚ ਉਹਨਾਂ ਨੇ ਸਰਗਰਮੀ ਨਾਲ ਹਿੱਸਾ ਲਿਆ। 1925 ਵਿਚ ਉਹਨਾਂ ਨੂੰ ਸਰਕਾਰ-ਵਿਰੋਧੀ ਤਕਰੀਰਾਂ ਕਰਨ 'ਤੇ ਤੀਜੀ ਵਾਰ ਗ੍ਰਿਫਤਾਰ ਕੀਤਾ ਗਿਆ ਅਤੇ ਬਾਅਦ ਵਿਚ ਦਸੰਬਰ 1928 ਨੂੰ ਰਿਹਾਅ ਕੀਤਾ ਗਿਆ। 1935 ਈ. ਪੁਲੀਸ ਵਲੋਂ ਉਹਨਾਂ ਉੱਪਰ ਕਤਲ ਦਾ ਝੂਠਾ ਕੇਸ ਬਣਾਇਆ ਗਿਆ। ਉਹ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਨਨਕਾਣਾ ਸਾਹਿਬ ਕਮੇਟੀ ਦੇ ਲਗਾਤਾਰ ਕਈ ਸਾਲ ਮੈਂਬਰ ਰਹੇ। ਉਹ 20 ਨਵੰਬਰ, 1962 ਨੂੰ ਹਾਂਬਰੀ ਜ਼ਿਲ੍ਹਾ ਕਰਨਾਲ ਵਿਚ ਆਪਣੀ ਜੀਵਨ ਯਾਤਰਾ ਸਮਾਪਤ ਕਰ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਅਕਾਲੀ ਲਹਿਰ ਵਿਚ ਹਮੇਸ਼ਾ ਲਈ ਉਹਨਾਂ ਦਾ ਮਹੱਤਵਪੂਰਨ ਸਥਾਨ ਬਣਿਆ ਰਹੇਗਾ।

## ਕੌਮੀ ਦਸਤਾਰ

*ਲੱਥੀਆਂ ਪੱਗਾਂ ਕੌਮ ਦੀਆਂ, ਜਿਹਨਾਂ ਸਿਰਾਂ ਤੇ ਸਜਾਈਆਂ ਨੇ।*
*ਉੱਜੜ ਗਏ ਘਰ ਬਾਰ ਲੋਕੋ, ਵਿਕੀਆਂ ਨਿਆਈਆਂ ਨੇ।*

*ਹੱਸਦੇ ਖੇਡਦੇ ਪਰਵਾਰ ਜਿਹਨਾਂ, ਖੇਰੂ ਖੇਰੂ ਕਰਵਾਏ ਨੇ।*
*ਕਿਵੇਂ ਉਹਨਾਂ ਜ਼ੁਲਮ ਸਹਾਰੇ, ਰਾਜ਼ ਥਾਣਿਆਂ 'ਚ ਸਮਾਏ ਨੇ।*
*ਅੱਧ ਮੋਏ ਕਰ ਦਰਿਆ ਵਿਚ ਰੋੜੇ, ਮੱਛੀਆਂ ਦਿੰਦੀਆਂ ਗਵਾਹੀਆਂ ਨੇ।*
*ਲੱਥੀਆਂ ਪੱਗਾਂ ਕੌਮ ਦੀਆਂ, ਜਿਹਨਾਂ ਸਿਰਾਂ ਤੇ ਸਜਾਈਆਂ ਨੇ।*
*ਉੱਜੜ ਗਏ ਘਰ ਬਾਰ ਲੋਕੋ, ਵਿਕੀਆਂ ਨਿਆਈਆਂ ਨੇ।*

*ਪਿਤਾ ਜੀ ਪਿਆਰ ਬਾਝੋਂ, ਤੜਫਣ ਬੱਚੀਆਂ ਪਿਆਰੀਆਂ।*
*ਬੜਾ ਸੀ ਮੇਲ ਤੇ ਮਿਲਾਪ, ਟੁੱਟ ਗਈਆਂ ਰਿਸ਼ਤੇਦਾਰੀਆਂ।*
*ਪੈ ਗਿਆ ਪਤੀ ਤੋਂ ਵਿਛੋੜਾ, ਲੋਕੋ ਲੰਬੀਆਂ ਜੁਦਾਈਆਂ ਨੇ।*
*ਲੱਥੀਆਂ ਪੱਗਾਂ ਕੌਮ ਦੀਆਂ, ਜਿਹਨਾਂ ਸਿਰਾਂ ਤੇ ਸਜਾਈਆਂ ਨੇ।*
*ਉੱਜੜ ਗਏ ਘਰ ਬਾਰ ਲੋਕੋ, ਵਿਕੀਆਂ ਨਿਆਈਆਂ ਨੇ।*

*ਬੁੱਢੇ ਮਾਂ-ਬਾਪ ਦਾ, ਕੋਈ ਰਿਹਾ ਵੀ ਸਹਾਰਾ ਨਾ।*
*ਕੋਰਟਾਂ ਕਚਿਹਰੀਆਂ ਲਈ, ਪੈਸਾ ਮਿਲੇ ਵੀ ਉਧਾਰਾ ਨਾ।*
*ਸੁੰਨਿਆਂ ਘਰਾਂ 'ਚੋਂ ਵਿਧਵਾ ਬੈਠੀਆਂ, ਨੰਣਦਾ ਭਰਜਾਈਆਂ ਨੇ।*
*ਲੱਥੀਆਂ ਪੱਗਾਂ ਕੌਮ ਦੀਆਂ, ਜਿਹਨਾਂ ਸਿਰਾਂ ਤੇ ਸਜਾਈਆਂ ਨੇ।*
*ਉੱਜੜ ਗਏ ਘਰ ਬਾਰ ਲੋਕੋ, ਵਿਕੀਆਂ ਨਿਆਈਆਂ ਨੇ।*

*ਮਾਰ ਕੇ ਖਪਾ ਦਿੱਤੇ, ਹੋਏ ਦੇਸੋਂ ਪਰਦੇਸ ਨੇ।*
*ਜੇਲਾਂ ਵਿਚ ਬੈਠੇ ਬੁੱਢੇ ਹੋ ਗਏ, ਅਜੇ ਵੀ ਮੁੱਕਦੇ ਨਾ ਕੇਸ ਨੇ।*
*ਸੱਤਵਾਦੀਆਂ ਨੂੰ ਅੱਤਵਾਦੀ ਆਖ, ਪਾਈਆਂ ਗਲਾਂ ਵਿਚ ਫਾਈਆਂ ਨੇ।*
*ਲੱਥੀਆਂ ਪੱਗਾਂ ਕੌਮ ਦੀਆਂ, ਜਿਹਨਾਂ ਸਿਰਾਂ ਤੇ ਸਜਾਈਆਂ ਨੇ।*
*ਉੱਜੜ ਗਏ ਘਰ ਬਾਰ ਲੋਕੋ, ਵਿਕੀਆਂ ਨਿਆਈਆਂ ਨੇ।*

*ਪੰਥ ਪ੍ਰਸਤਾਂ ਦੀਆਂ ਰਾਤਾਂ, ਅਜੇ ਵੀ ਹੁੰਦੀਆਂ ਡਰਾਉਣੀਆਂ।*
*ਉੱਜੜੇ ਘਰਾਂ 'ਚ ਝੁੱਟ ਬਣ ਜਾਣ, ਪੁਲਿਸ ਦੀਆਂ ਛਾਉਣੀਆਂ।*
*ਖਾਲਸਾਈ ਪ੍ਰੰਪਰਾਵਾਂ ਜਿਹਨਾਂ, ਸਿਦਕ ਨਾਲ ਨਿਭਾਈਆਂ ਨੇ।*
*ਲੱਥੀਆਂ ਪੱਗਾਂ ਕੌਮ ਦੀਆਂ, ਜਿਹਨਾਂ ਸਿਰਾਂ ਤੇ ਸਜਾਈਆਂ ਨੇ।*
*ਉਜੱੜ ਗਏ ਘਰ ਬਾਰ ਲੋਕੋ, ਵਿਕੀਆਂ ਨਿਆਈਆਂ ਨੇ।*

*ਸਾਡੇ ਨਾਲ ਦਗਾ ਕੀਤਾ, ਸਾਡੇ ਆਪਣਿਆਂ ਤੇ ਅਕਾਲੀਆਂ।*
*ਸਿੱਖਾਂ ਦਿਆਂ ਕਾਤਲਾਂ ਨਾਲ, ਇਹਨਾਂ ਯਾਰੀਆਂ ਨੇ ਪਾਲੀਆਂ।*
*ਬੇਗਾਨਿਆਂ ਨੂੰ ਕੀ ਦੋਸ਼ ਦੇਣਾ ਅੱਖਾਂ ਆਪਣਿਆ ਘੁਮਾਈਆਂ ਨੇ।*
*ਲੱਥੀਆਂ ਪੱਗਾਂ ਕੌਮ ਦੀਆਂ, ਜਿਹਨਾਂ ਸਿਰਾਂ ਤੇ ਸਜਾਈਆਂ ਨੇ।*
*ਉੱਜੜ ਗਏ ਘਰ ਬਾਰ ਲੋਕੋ, ਵਿਕੀਆਂ ਨਿਆਈਆਂ ਨੇ।*

***ਜੋਗਾ ਸਿੰਘ (ਨਿਊਜਰਸੀ)***